15ਵੀਂ ਵਿਧਾਨ ਸਭਾ
ਚੌਥਾ ਸਮਾਗਮ

## ਪੰਜਾਬ ਵਿਧਾਨ ਸਭਾ

**ਬੁਲੇਟਿਨ ਨੰ: 4**
**ਵੀਰਵਾਰ, 22 ਮਾਰਚ, 2018**
**(10.00 ਵਜੇ ਸਵੇਰ ਤੋਂ 2.30 ਵਜੇ ਬਾਅਦ ਦੁਪਹਿਰ ਤੱਕ)**

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 13 | 01 | – | 06 | 28 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 12

2. **ਮਾਨਯੋਗ ਸਪੀਕਰ ਦੁਆਰਾ ਰੂਲਿੰਗ**

ਮਾਨਯੋਗ ਮੁੱਖ ਮੰਤਰੀ ਦੁਆਰਾ ਕੁੱਝ ਮੈਂਬਰਾਂ ਵਲੋਂ ਸਦਨ ਦੀ ਕਾਰਵਾਈ ਮੋਬਾਇਲ ਤੇ ਰਿਕਾਰਡ ਕਰਕੇ ਫੇਸਬੁੱਕ ਤੇ ਅਪਲੋਡ ਕੀਤੇ ਜਾਣ ਬਾਰੇ ਸਦਨ ਦੇ ਧਿਆਨ ਵਿੱਚ ਲਿਆਉਣ ਤੇ ਮਾਨਯੋਗ ਸਪੀਕਰ ਨੇ ਇਸ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 90 ਦੀ ਪਾਲਣਾ ਹਿੱਤ ਰੂਲਿੰਗ ਦਿੱਤੀ ਗਈ:

90. ਜਦੋਂ ਸਦਨ ਦੀ ਬੈਠਕ ਹੋ ਰਹੀ ਹੋਵੇ, ਕੋਈ ਮੈਂਬਰ,-

"(x) ਸਦਨ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਹ ਆਪਣਾ ਮੋਬਾਇਲ ਫੋਨ ਜਾਂ ਸੰਚਾਰ ਦੇ ਕਿਸੇ ਹੋਰ ਯੰਤਰ ਨੂੰ ਬੰਦ ਕਰ ਦੇਵੇਗਾ।"

ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਵਲੋਂ ਮੰਗ ਕੀਤੇ ਜਾਣ ਤੇ ਮਾਨਯੋਗ ਸਪੀਕਰ ਵਲੋਂ ਇਨਕੁਆਰੀ ਕਰਵਾਉਣ ਦੀ ਸਹਿਮਤੀ ਦਿੱਤੀ ਗਈ।

3. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸਦਨ 11.17 ਵਜੇ ਸਵੇਰ ਤੋਂ 11.47 ਵਜੇ ਸਵੇਰ ਤੱਕ, ਅੱਧੇ ਘੰਟੇ ਲਈ ਸਥਗਿਤ ਕੀਤਾ ਗਿਆ।

4. **ਅਕਾਲ ਚਲਾਣੇ ਦਾ ਵਰਣਨ :**

ਮਾਨਯੋਗ ਸਪੀਕਰ ਵੱਲੋਂ ਚੌਧਰੀ ਸੁਰਿੰਦਰ ਸਿੰਘ, ਐਮ.ਐਲ.ਏ ਦੇ ਮਾਤਾ ਜੀ ਅਤੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਦੀ ਧਰਮਪਤਨੀ ਸ਼੍ਰੀਮਤੀ ਗੁਰਬਚਨ ਕੌਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮਾਨਯੋਗ ਸਪੀਕਰ ਨੇ ਸਦਨ ਨੂੰ ਸੂਚਿਤ ਕੀਤਾ ਕਿ ਸਵਰਗਵਾਸੀ ਦੇ ਦੁਖੀ ਪਰਿਵਾਰ ਨੂੰ ਸ਼ੋਕ ਸੁਨੇਹਾ ਭੇਜ ਦਿੱਤਾ ਜਾਵੇਗਾ।

5. **ਧਿਆਨ ਦਿਵਾਊ ਨੋਟਿਸ**

ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ ਵਲੋਂ ਐਸ.ਐਸ.ਏ/ਰਮਸਾ ਅਧਿਆਪਕ/ਹੈੱਡਮਾਸਟਰ/ ਲੈਬ ਅਟੈਂਡੈਂਟ ਦੀਆਂ ਸੇਵਾਵਾਂ ਨੂੰ ਸਰਕਾਰ ਦੁਆਰਾ ਮੁੱਢਲੇ ਪੇ ਸਕੇਲ ਵਿੱਚ ਰੈਗੂਲਰ ਕਰਨ ਦੇ ਕਾਰਣ ਪਾਏ ਜਾ ਰਹੇ ਰੋਸ ਵੱਲ ਸਰਕਾਰ ਦਾ ਧਿਆਨ ਦਿਵਾਇਆ ਗਿਆ।

(ਨੰ: 13)

ਰਾਜ ਮੰਤਰੀ, ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਨੇ ਜਵਾਬ ਦਿੱਤਾ।

## 6. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

ਸੰਸਦੀ ਮਾਮਲੇ ਦੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ: 1 ਅਤੇ 2 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

## 7. ਰਿਪੋਰਟਾਂ ਪੇਸ਼ ਕਰਨਾ

ਲੋਕ ਲੇਖਾ ਕਮੇਟੀ ਦੇ ਸਭਾਪਤੀ (ਸਰਦਾਰ ਕੰਵਰ ਸੰਧੂ) ਨੇ ਨਿਮਨਲਿਖਤ ਰਿਪੋਰਟਾਂ ਪੇਸ਼ ਕੀਤੀਆਂ:

1. ਖੇਤੀਬਾੜੀ ਵਿਭਾਗ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਸਿੰਚਾਈ ਵਿਭਾਗ ਅਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਨਾਲ ਸਬੰਧਿਤ ਸਾਲਾਂ 2010-11 ਅਤੇ 2011-12 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 2010-11 ਅਤੇ 2011-12 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 199ਵੀਂ ਰਿਪੋਰਟ;

2. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸਬੰਧਿਤ ਸਾਲ 2012-13 ਅਤੇ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2012-13 ਅਤੇ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 200ਵੀਂ ਰਿਪੋਰਟ;

3. ਸਕੂਲ ਸਿੱਖਿਆ ਵਿਭਾਗ ਨਾਲ ਸਬੰਧਿਤ ਸਾਲ 2011-12 ਅਤੇ 2012-13 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2011-12 ਅਤੇ 2012-13 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 201ਵੀਂ ਰਿਪੋਰਟ;

4. ਖੇਤੀਬਾੜੀ ਵਿਭਾਗ ਨਾਲ ਸਬੰਧਿਤ ਸਾਲ 2010-11 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 2010-11 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ) ਤੇ ਲੋਕ ਲੇਖਾ ਕਮੇਟੀ ਦੀ 202ਵੀਂ ਰਿਪੋਰਟ।

ਰਿਪੋਰਟਾਂ ਪੇਸ਼ ਕਰਦੇ ਹੋਏ ਸਰਦਾਰ ਕੰਵਰ ਸੰਧੂ, ਸਭਾਪਤੀ, ਲੋਕ ਲੇਖਾ ਕਮੇਟੀ 03 ਮਿੰਟ ਲਈ ਬੋਲੇ।

## 8. ਵਿੱਤੀ ਕੰਮ-ਕਾਰ

(i) ਵਿੱਤ ਮੰਤਰੀ ਨੇ ਸਾਲ 2017-2018 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

(ii) ਅਨੁਮਾਨ ਕਮੇਟੀ ਦੇ ਸਭਾਪਤੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) ਨੇ ਸਾਲ 2017-2018 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

(iii) ਸਾਲ 2017-2018 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1. ਰਾਜ ਦੇ ਮਾਲੀਏ ਤੇ ਪਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।
2. ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 5, 7 ਤੋਂ 19 ਅਤੇ 21 ਤੋਂ 30 ਸਦਨ ਦੀ ਸਹਿਮਤੀ ਨਾਲ ਇਕੱਠੀਆਂ ਹੀ ਸਦਨ ਦੀ ਬਹਿਸ ਅਤੇ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

ਅਨੁਪੂਰਕ ਮੰਗਾਂ ਤੇ ਹੋਈ ਬਹਿਸ ਤੇ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ | 01 ਮਿੰਟ |
| 2. | ਸਰਦਾਰ ਹਰਮਿੰਦਰ ਸਿੰਘ ਗਿੱਲ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |

## 9. ਵਾਕ ਆਊਟ

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਉਨ੍ਹਾਂ ਵਲੋਂ ਦਿੱਤੇ ਐਡਜਰਨਮੈਂਟ ਮੋਸ਼ਨ ਰੱਦ ਹੋਣ ਦੇ ਰੋਸ ਵਜੋਂ ਵੈਲ ਆਫ਼ ਦਿ ਹਾਊਸ ਵਿਚੋਂ ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।

10. **ਵਿੱਤੀ ਕੰਮ-ਕਾਰ (ਮੁੜ ਆਰੰਭ)**

(vi) **ਪੰਜਾਬ ਨਮਿੱਤਣ ਬਿਲ, 2018**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ ਬਿਲ, 2018 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ ਬਿਲ, 2018 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਸਤਾਵ ਪ੍ਰਵਾਨ ਹੋਇਆ।

11. **ਵਾਕ ਆਊਟ**

ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਲੋਕ ਇਨਸਾਫ਼ ਪਾਰਟੀ ਦੇ ਦੋਵੇਂ ਹਾਜ਼ਰ ਮੈਂਬਰ ਪੰਜਾਬ ਦੇ ਪਾਣੀਆਂ ਸਬੰਧੀ ਦੂਸਰੇ ਰਾਜਾਂ ਤੋਂ ਬਣਦੇ ਪੈਸੇ ਵਸੂਲ ਕਰਨ ਬਾਰੇ ਬਿਲ ਨਾ ਭੇਜਣ ਅਤੇ ਇਸ ਮੁੱਦੇ ਤੇ ਬੋਲਣ ਦਾ ਸਮਾਂ ਨਾ ਦੇਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

12. **ਮਤਾ**

ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ. ਇੰਡੀਅਨ ਨੈਸ਼ਨਲ ਕਾਂਗਰਸ ਨੇ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਅਤੇ ਮਤਾ ਪੇਸ਼ ਕਰਦੇ ਹੋਏ 23 ਮਿੰਟ ਲਈ ਬੋਲੇ:-

> "ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਦੇ ਲੋਕਾਂ ਨੂੰ ਵਧੀਆ ਅਤੇ ਸਸਤੀਆਂ ਸਿਹਤ ਸੇਵਾਵਾਂ ਮੁਹੱਈਆਂ ਕਰਵਾਉਣ ਲਈ ਕਦਮ ਚੁੱਕੇ ਜਾਣ ਅਤੇ ਦਵਾਈਆਂ ਵਿਸ਼ੇਸ਼ ਤੌਰ ਤੇ ਜੈਨਰਿਕ ਦਵਾਈਆਂ ਨੂੰ ਘੱਟ ਕੀਮਤ ਤੇ ਕਰਵਾਉਣ ਲਈ ਸਰਕਾਰੀ ਹਸਪਤਾਲਾਂ ਵਿਚ ਸਰਕਾਰੀ ਦੁਕਾਨਾਂ ਵੀ ਖੋਲ੍ਹੇ।"

ਮਤੇ ਤੇ ਹੋਈ ਬਹਿਸ ਤੇ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | |
|---|---|
| 1. ਸਰਦਾਰ ਕੰਵਰ ਸੰਧੂ, ਆਮ ਆਦਮੀ ਪਾਰਟੀ | 12 ਮਿੰਟ |
| 2. ਡਾ. ਹਰਜੋਤ ਕਮਲ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 14 ਮਿੰਟ |
| 3. ਸ਼੍ਰੀਮਤੀ ਸਤਕਾਰ ਕੌਰ, ਇੰਡੀਅਨ ਨੈਸ਼ਨਲ ਕਾਂਗਰਸ | 07 ਮਿੰਟ |
| 4. ਡਾ. ਸੁਖਵਿੰਦਰ ਕੁਮਾਰ, ਸ਼੍ਰੋਮਣੀ ਅਕਾਲੀ ਦਲ | 13 ਮਿੰਟ |
| 5. ਸਰਦਾਰ ਕੁਲਬੀਰ ਸਿੰਘ ਜੀਰਾ, ਇੰਡੀਅਨ ਨੈਸ਼ਨਲ ਕਾਂਗਰਸ | 13 ਮਿੰਟ |
| 6. ਸਰਦਾਰ ਜਗਦੇਵ ਸਿੰਘ, ਆਮ ਆਦਮੀ ਪਾਰਟੀ | 09 ਮਿੰਟ |
| 7. ਸਰਦਾਰ ਕੁਲਦੀਪ ਸਿੰਘ ਵੈਦ, ਇੰਡੀਅਨ ਨੈਸ਼ਨਲ ਕਾਂਗਰਸ | 05 ਮਿੰਟ |
| 8. ਸਰਦਾਰ ਬਲਬੀਰ ਸਿੰਘ ਸਿੱਧੂ, ਇੰਡੀਅਨ ਨੈਸ਼ਨਲ ਕਾਂਗਰਸ | 04 ਮਿੰਟ |
| 9. ਸਰਦਾਰ ਕੁਲਜੀਤ ਸਿੰਘ ਨਾਗਰਾ, ਇੰਡੀਅਨ ਨੈਸ਼ਨਲ ਕਾਂਗਰਸ | 05 ਮਿੰਟ |
| 10. ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |

13. **ਮੇਜ਼ ਤੇ ਰੱਖੇ ਗਏ ਕਾਗਜ਼**

ਵਿੱਤ ਮੰਤਰੀ ਜੀ ਵਲੋਂ ਜੀ.ਐਸ.ਟੀ ਕੌਂਸਲ ਦੀ ਮਿਤੀ 05.08.2017 ਨੂੰ ਹੋਈ 20ਵੀਂ ਮੀਟਿੰਗ ਦੀ ਕਾਰਵਾਈ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।

14. **ਜੀ.ਐਸ.ਟੀ ਮਤੇ ਤੇ ਵਿੱਤ ਮੰਤਰੀ ਵਲੋਂ ਸਪਸ਼ਟੀਕਰਨ**

ਵਿੱਤ ਮੰਤਰੀ ਵਲੋਂ ਦੁਰਗਿਆਨਾ ਮੰਦਿਰ ਦੇ ਲੰਗਰ ਦੀ ਰਸਦ ਤੇ ਜੋ ਸਟੇਟ ਦੇ ਹਿੱਸੇ ਦਾ ਜੀ.ਐਸ.ਟੀ ਲੱਗ ਰਿਹਾ ਹੈ ਨੂੰ ਵੀ ਸਰਕਾਰ ਵਲੋਂ ਰੀਫੰਡ/ਮੁਆਫ਼ ਕਰਨ ਬਾਰੇ ਸਪਸ਼ਟੀਕਰਨ ਦਿੱਤਾ ਗਿਆ।

15. **ਧੰਨਵਾਦ ਪ੍ਰਸਤਾਵ**

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ. ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਹੇਠ ਲਿਖਿਆ ਪ੍ਰਸਤਾਵ ਸਦਨ ਵਿਚ ਪੇਸ਼ ਕੀਤਾ ਅਤੇ
ਪ੍ਰਵਾਨ ਹੋਇਆ:

> "ਇਹ ਸਦਨ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਰਕਾਰ ਦਾ ਸ਼੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਵਿੱਚ ਲੰਗਰ ਦੀ ਰਸਦ ਤੇ ਜੀ.ਐਸ.ਟੀ ਮਾਫ਼ ਕਰਨ ਦਾ ਧੰਨਵਾਦ ਕਰਦਾ ਹੈ। "

ਇਸ ਉਪਰੰਤ ਸਦਨ ਸ਼ਨਿੱਚਰਵਾਰ ਮਿਤੀ 24 ਮਾਰਚ, 2018 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

**ਚੰਡੀਗੜ੍ਹ:** **ਸ਼ਸ਼ੀ ਲਖਨਪਾਲ ਮਿਸ਼ਰਾ,**
**ਮਿਤੀ 22 ਮਾਰਚ, 2018** **ਸਕੱਤਰ।**

## ਮਾਨਯੋਗ ਮੁੱਖ ਮੰਤਰੀ ਦੁਆਰਾ ਬਿਆਨ

ਮਾਨਯੋਗ ਮੁੱਖ ਮੰਤਰੀ ਵੱਲੋਂ ਪਿਛਲੇ ਦੋ-ਤਿੰਨ ਦਿਨਾਂ ਵਿਚ ਵਿਧਾਨ ਸਭਾ ਵਿਚ ਵਿਰੋਧੀ ਧਿਰ ਵੱਲੋਂ ਆਪਨਾਏ ਗਏ ਅਫ਼ਸੋਸਨਾਕ ਰਵੱਈਏ ਅਤੇ ਅਤਿ ਸ਼ਰਮਨਾਕ ਵਾਪਰੀਆਂ ਘਟਨਾਵਾਂ ਸਬੰਧੀ ਬਿਆਨ ਦਿੱਤਾ ਗਿਆ।

ਮੇਰੇ ਵਲੋਂ ਕੱਲ ਹਾਊਸ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਗੁਰੂ ਰਾਮ ਦਾਸ ਲੰਗਰ ਤੇ ਜੋ ਸਟੇਟ ਦੇ ਹਿੱਸੇ ਦਾ ਜੀ.ਐਸ.ਟੀ ਲੱਗ ਰਿਹਾ We will refund it ਅਸੀਂ ਉਥੇ ਕੋਈ ਟੈਕਸ ਨਹੀਂ ਲੱਗਣ ਦੇਵਾਂਗੇ। ਮੈਂ ਇਥੇ ਇਹ ਵੀ clarify ਕਰਦਾ ਹਾਂ ਕਿ ਇਸ ਹਾਊਸ ਦੇ sentiments ਨੂੰ ਮੁੱਖ ਰੱਖਦੇ ਹੋਏ ਅਸੀਂ ਦੁਰਗਿਆਣਾ ਮੰਦਿਰ ਵਿੱਚ ਜੋ ਰਸਦ ਦੀ ਵਰਤੋਂ ਹੁੰਦੀ ਹੈ ਉਸ ਤੇ ਬਣਦਾ ਸਟੇਟ ਦਾ ਸ਼ੇਅਰ ਅਸੀਂ ਜਾਂ refund ਕਰਾਂਗੇ ਜਾਂ ਮੁਆਫ਼ ਕਰਾਂਗੇ।

## 3. ਸਵਾਗਤੀ ਐਲਾਨ

ਮਾਨਯੋਗ ਸਪੀਕਰ ਦੁਆਰਾ **ਸਰਦਾਰ ਰਵਨੀਤ ਸਿੰਘ ਬਿੱਟੂ, ਮੈਂਬਰ ਆਫ ਪਾਰਲੀਮੈਂਟ** ਦੇ ਸਦਨ ਵਿੱਚ ਮੌਜੂਦ ਹੋਣ ਬਾਰੇ ਐਲਾਨ ਕੀਤਾ ਅਤੇ ਸਮੁੱਚੇ ਸਦਨ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ।